**Exam. Code : 105701**
**Subject Code : 1422**

**B.Sc. Information Technology 1st Sem.**

**(Batch 2021-24)**

**PUNJABI COMPULSORY**

**Paper–VI (i)**

Time Allowed—3 Hours] [Maximum Marks—50

**ਨੋਟ :—** ਹਰੇਕ ਭਾਗ ਵਿੱਚੋਂ ਘੱਟੋ-ਘੱਟ **ਇੱਕ** ਪ੍ਰਸ਼ਨ ਦੀ ਚੋਣ ਕਰਦੇ ਹੋਏ, ਕੁੱਲ **ਪੰਜ** ਪ੍ਰਸ਼ਨ ਕਰੋ। **ਪੰਜਵਾਂ** ਪ੍ਰਸ਼ਨ ਕਿਸੇ ਵੀ ਭਾਗ ਵਿੱਚੋਂ ਕੀਤਾ ਜਾ ਸਕਦਾ ਹੈ। ਸਾਰੇ ਪ੍ਰਸ਼ਨਾਂ ਦੇ ਅੰਕ ਬਰਾਬਰ ਹਨ।

**ਭਾਗ-ੳ**

1. 'ਆਖਾਂ ਵਾਰਸ ਸ਼ਾਹ ਨੂੰ' ਕਵਿਤਾ ਦਾ ਸਾਰ ਲਿਖੋ।
2. 'ਕੁਲਫ਼ੀ' ਕਹਾਣੀ ਦਾ ਵਿਸ਼ਾ-ਵਸਤੂ ਲਿਖੋ।

**ਭਾਗ-ਅ**

3. 'ਗੁਰੂ ਕਾ ਬਾਗ਼ ਅਤੇ ਮੁਲਤਾਨ' ਦਾ ਵਿਸ਼ਾ-ਵਸਤੂ ਲਿਖੋ।
4. 'ਹਵਾ ਵਿੱਚ ਗਰਜ' ਦਾ ਸਾਰ ਲਿਖੋ।

**ਭਾਗ-ੲ**

5. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ :

   (ੳ) ਪੰਜਾਬ ਦੇ ਲੋਕ-ਨਾਚ

   (ਅ) ਲਾਇਬ੍ਰੇਰੀ ਦੀ ਮਹੱਤਤਾ

   (ੲ) ਸਦਾਚਾਰ।



6. ਹੇਠ ਲਿਖੇ ਪੈਰ੍ਹੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

   ਗੁਰੂ ਨਾਨਕ ਦੇਵ ਜੀ ਦੇ ਸਮੇਂ ਭਾਰਤ ਵਿੱਚ ਰਾਜਸੀ ਪਰਿਵਰਤਨ ਆਇਆ। ਦਿੱਲੀ ਦਾ ਸੁਲਤਾਨ ਇਬਰਾਹੀਮ ਲੋਧੀ ਹਾਰ ਗਿਆ ਅਤੇ ਬਾਬਰ ਦਿੱਲੀ ਦੇ ਤਖ਼ਤ 'ਤੇ ਬੈਠਾ। ਬਾਬਰ ਦੇ ਹਮਲੇ ਨਾਲ ਪੰਜਾਬ 'ਤੇ ਕਹਿਰ ਵਰਤਿਆ। ਗੁਰੂ ਸਾਹਿਬ ਨੇ ਜ਼ੁਲਮ ਤੇ ਜਬਰ ਵਿਰੁੱਧ ਆਵਾਜ਼ ਉਠਾਈ। ਇਸ ਅੱਤਿਆਚਾਰ ਨੂੰ ਉਨ੍ਹਾਂ ਨੇ ਖ਼ੂਨੀ ਸਾਕਾ ਆਖ ਕੇ ਦੇਸ਼ ਦੇ ਲੋਕਾਂ ਨੂੰ ਵੰਗਰਿਆ ਅਤੇ ਪ੍ਰੇਰਨਾ ਦਿੱਤੀ ਕਿ ਜਿਹੜੀ ਕੌਮ ਨੇਕੀ ਨੂੰ ਭੁੱਲ ਜਾਂਦੀ ਹੈ, ਉਸਦੀ ਦੁਰਦਸ਼ਾ ਹੋਣੀ ਆਵੱਸ਼ਕ ਹੈ। ਸੋ ਨੇਕੀ ਅਤੇ ਭਗਤੀ ਦੇ ਇਸ ਪੱਖ ਨੇ ਲੋਕਾਂ ਨੂੰ ਸੂਰਮੇ ਬਣਾ ਦਿੱਤਾ ਅਤੇ ਉਨ੍ਹਾਂ ਨੇ ਬਾਬਰ ਵਰਗੇ ਜਾਬਰਾਂ ਦਾ ਮੁਕਾਬਲਾ ਕੀਤਾ।

   (ੳ) ਬਾਬਰ ਦੇ ਪੰਜਾਬ 'ਤੇ ਹਮਲੇ ਸਮੇਂ ਦਿੱਲੀ ਦਾ ਸੁਲਤਾਨ ਕੌਣ ਸੀ ?

   (ਅ) ਬਾਬਰ ਦੇ ਹਮਲੇ ਵੇਲੇ ਪੰਜਾਬ ਵਿੱਚ ਕੀ ਵਾਪਰਿਆ ?

   (ੲ) ਗੁਰੂ ਨਾਨਕ ਦੇਵ ਜੀ ਨੇ ਲੋਕਾਂ ਨੂੰ ਕੀ ਚਿਤਾਵਨੀ ਦਿੱਤੀ ?

   (ਸ) ਲਕੀਰੇ ਸ਼ਬਦਾਂ ਦੇ ਅਰਥ ਲਿਖੋ।

   (ਹ) ਪੈਰ੍ਹੇ ਦਾ ਢੁਕਵਾਂ ਸਿਰਲੇਖ ਲਿਖੋ।

**ਭਾਗ-ਸ**

7. ਭਾਸ਼ਾ ਦੇ ਟਕਸਾਲੀ ਰੂਪ 'ਤੇ ਨੋਟ ਲਿਖੋ।
8. ਪੰਜਾਬੀ ਭਾਸ਼ਾ ਦੇ ਨਿਕਾਸ ਅਤੇ ਵਿਕਾਸ 'ਤੇ ਨੋਟ ਲਿਖੋ।